ਕਿਰਪਾ ਕਰਕੇ ਧਿਆਨ ਦੇਵੋ ਕਿ ਸਤਿਗੁਰੂ ਦੇ ਗੋਸ਼ਨ ਵਿੱਚ ਸਤਸੰਗ ਪ੍ਰੋਗਰਾਮ ਦੀ ਤਾਰੀਖ਼ ਅਤੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ।

ਸਤਿਗੁਰੂ ਦੇ ਸਤਿਸੰਗ ਪ੍ਰੋਗਰਾਮ ਲਈ ਨਵੀਆਂ ਤਾਰੀਖਾਂ ਹੁਣ ਸ਼ੁੱਕਰਵਾਰ, 25 ਜੁਲਾਈ 2025, ਸਵੇਰੇ 11:00 ਵਜੇ ਅਤੇ ਸ਼ਨੀਵਾਰ, 26 ਜੁਲਾਈ 2025, ਸਵੇਰੇ 10:00 ਵਜੇ ਹਨ।

ਐਤਵਾਰ, 27 ਜੁਲਾਈ 2025 ਨੂੰ ਸਵੇਰੇ 10:00 ਵਜੇ ਰੇਪਰੀਜੈਂਟੇਟਿਵ ਸਤਿਸੰਗ ਕਰਨਗੇ, ਪਰ ਸਤਿਗੁਰੂ ਐਤਵਾਰ ਨੂੰ ਇਸ ਸਤਿਸੰਗ ਵਿੱਚ ਮੌਜੂਦ ਨਹੀਂ ਹੋਣਗੇ। ਗੇਟ ਸਵੇਰੇ 9:00 ਵਜੇ ਖੁੱਲ੍ਹਣਗੇ ਅਤੇ ਸੈਂਟਰ ਦੁਪਹਿਰ 12:30 ਵਜੇ ਬੰਦ ਹੋਵੇਗਾ ਜੀ।

## ਸਤਿਗੁਰੂ ਦਾ ਸਤਿਸੰਗ ਪ੍ਰੋਗਰਾਮ – ਗੋਸ਼ਨ

- ਪਾਰਕਿੰਗ ਪਾਸ ਥੋੜ੍ਹੇ ਹਨ, ਸੈਂਟਰ ਤੇ ਪਾਰਕਿੰਗ ਕਰਨ ਲਈ, ਪਹਿਲਾਂ ਹੀ ਪਾਰਕਿੰਗ ਪਾਸ ਲੈਣੇ ਪੈਣਗੇ। ਜੇਕਰ ਤੁਸੀਂ ਪਾਰਕਿੰਗ ਪਾਸ ਪਹਿਲਾਂ ਨਹੀ ਲਿਆ ਤਾਂ ਤੁਹਾਨੂੰ ਦੂਰ (remote parking) ਪਾਰਕਿੰਗ ਕਰਨੀ ਪਵੇਗੀ ਜਾਂ ਹੋਟਲ ਦੀਆਂ ਸ਼ਟਲਾਂ ਅਤੇ ਚਾਰਟਰ ਬੱਸਾਂ ਰਾਹੀਂ ਆ ਸਕਦੇ ਹੋ। ਦੂਰ (remote parking) ਖੁਲ੍ਹੇ ਮੈਦਾਨ ਵਿੱਚ ਹੋਵੇਗੀ ਅਤੇ ਚੱਲਣਾ ਵੀ ਪੈ ਸਕਦਾ ਹੈ। ਵਧੇਰੇ ਜਾਣਕਾਰੀ ਲਈ ਪਾਰਕਿੰਗ ਪੇਜ ਦੇਖੋ ਜੀ।
- ਕਿਰਪਾ ਕਰਕੇ ਹੋਟਲ ਦੀਆਂ ਸ਼ਟਲਾਂ ਅਤੇ ਚਾਰਟਰ ਬੱਸਾਂ ਦਾ ਜ਼ਰੂਰ ਇਸਤੇਮਾਲ ਕਰੋ ਜੀ । ਬੱਸ ਤੇ ਆਉਣ ਵਾਲੀ ਸੰਗਤ ਲਈ ਖਾਸ ਬੈਠਣ ਦਾ ਇੰਤਜ਼ਾਮ ਹੋਵੇਗਾ ਅਤੇ ਉਹਨਾਂ ਨੂੰ ਸਤਿਸੰਗ ਹਾਲ ਦੇ ਨਜ਼ਦੀਕ ਹੀ ਉਤਾਰਿਆ ਜਾਵੇਗਾ ਅਤੇ ਐਥੋਂ ਹੀ ਚੱਕਿਆ ਜਾਵੇਗਾ।
- ਗੋਸ਼ਨ ਸੈਂਟਰ ਤੇ ਸੰਗਤ ਲਈ ਕੋਈ ਖਾਣ-ਪੀਣ ਦਾ ਇੰਤਜ਼ਾਮ ਨਹੀਂ ਹੋਵੇਗਾ, ਤੁਸੀਂ ਆਪਣੇ ਲਈ ਖਾਣ-ਪੀਣ ਦੀਆਂ ਚੀਜ਼ਾਂ ਲੈਕੇ ਆ ਸਕਦੇ ਹੋ ਪਰ ਇਹਨਾ ਨੂੰ ਗੱਡੀ ਵਿੱਚ ਹੀ ਛੱਡ ਕੇ ਆਵੋ ਜੀ।
- ਇਥੇ ਹੋਟਲ ਥੋੜ੍ਹੇ ਹਨ ਇਸ ਕਰਕੇ ਜਲਦੀ ਬੁੱਕ ਕਰੋ ਜੀ।
- ਕਿਰਪਾ ਕਰਕੇ ਹੋਰ ਜਰੂਰੀ ਜਾਣਕਾਰੀ goshenprogram.org ਵੈਬਸਾਈਟ ਤੇ ਦੇਖੋ ਜੀ।

| ਪ੍ਰੋਗਰਾਮ | |
|---|---|
| **ਸ਼ੁੱਕਰਵਾਰ, 25 ਜੁਲਾਈ, 2025** | |
| ਗੇਟ ਖੁੱਲਣ ਦਾ ਸਮਾਂ: | ਸਵੇਰੇ 6:30 ਵਜੇ |
| ਸਤਿਸੰਗ ਹਾਲ ਬੈਠਣ ਲਈ ਖੁੱਲੇਗਾ: | ਸਵੇਰੇ 6:30 ਵਜੇ |
| ਕਿਰਪਾ ਕਰਕੇ ਸੀਟਾਂ ਤੇ ਬੈਠ ਜਾਓ: | ਸਵੇਰੇ 10:15 ਵਜੇ |
| ਸਤਿਸੰਗ ਸ਼ੁਰੂ ਹੋਣ ਦਾ ਸਮਾਂ : | ਸਵੇਰੇ 11:00 ਵਜੇ |
| ਸੈਂਟਰ ਬੰਦ ਹੋਣ ਦਾ ਸਮਾਂ : | ਦੁਪਹਿਰ 1:30 ਵਜੇ |
| **ਸ਼ਨੀਵਾਰ, 26 ਜੁਲਾਈ, 2025** | |
| ਗੇਟ ਖੁੱਲਣ ਦਾ ਸਮਾਂ: | ਸਵੇਰੇ 6:30 ਵਜੇ |
| ਸਤਿਸੰਗ ਹਾਲ ਬੈਠਣ ਲਈ ਖੁੱਲੇਗਾ: | ਸਵੇਰੇ 6:30 ਵਜੇ |
| ਕਿਰਪਾ ਕਰਕੇ ਸੀਟਾਂ ਤੇ ਬੈਠ ਜਾਓ: | ਸਵੇਰੇ 9:15 ਵਜੇ |
| ਸਤਸੰਗ ਸਤਿਸੰਗ ਸ਼ੁਰੂ ਹੋਣ ਦਾ ਸਮਾਂ : | ਸਵੇਰੇ 10:00 ਵਜੇ |
| ਸੈਂਟਰ ਬੰਦ ਹੋਣ ਦਾ ਸਮਾਂ : | ਦੁਪਹਿਰ 12:30 ਵਜੇ |

ਨਿਮੰਤਰਿਤ ਖੇਤਰ: ਸਿਰਫ ਨੋਰਥ-ਈਸਟ (Northeast), ਸਾਊਥ-ਈਸਟ (Southeast) ਅਤੇ ਨੋਰਥ-ਸੈਂਟਰਲ (North Central) ਕੇਂਦਰਾਂ ਦੇ ਹੇਠਲੇ ਸੂਬਿਆਂ ਵਿੱਚ ਰਹਿਣ ਵਾਲੀ ਸੰਗਤ ਹੀ ਗੋਸ਼ਨ ਸਤਿਸੰਗ ਪ੍ਰੋਗਰਾਮ ਤੇ ਆਮੰਤਰਿਤ ਹੈ ।

(AL, CT, DC, DE, FL, GA, IA, IL, IN, KY, LA, MA, MD, ME, MI, MN, MS, NC, ND, NE, NH, NJ, NY, OH, PA, RI, SC, SD, TN, VA, VT, WI, WV).

**ਇਹਨਾਂ ਆਮੰਤ੍ਰਿਤ ਖੇਤਰਾਂ ਤੋ ਬਾਹਰ ਰਹਿਣ ਵਾਲੀ ਸੰਗਤ ਜਾਂ ਅਮਰੀਕਾ ਤੋਂ ਬਾਹਰ ਰਹਿਣ ਵਾਲੀ ਸੰਗਤ ਨੂੰ ਇਹ ਪ੍ਰੋਗਰਾਮ ਤੇ ਜਾਣ ਦੀ ਇਜਾਜ਼ਤ ਨਹੀਂ ਹੈ, ਭਾਂਵੇ ਉਹ ਸਤਿਸੰਗ ਦੇ ਪ੍ਰੋਗਰਾਮ ਦੇ ਦੌਂਰਾਨ ਆਮੰਤ੍ਰਿਤ ਖੇਤਰਾਂ ਵਿੱਚ ਘੁੰਮਣ ਆਏ ਹੋਣ। ਪਾਰਕਿੰਗ ਅਤੇ ਜਗ੍ਹਾ ਸੀਮਿਤ ਹੋਣ ਕਰਕੇ ਇਸ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ।**

**ਸਤਿਸੰਗ ਪ੍ਰੋਗਰਾਮ:** ਸ਼ੁੱਕਰਵਾਰ ਨੂੰ ਸਤਿਸੰਗ ਸਵੇਰੇ 11:00 ਵਜੇ ਸ਼ੁਰੂ ਹੋਵੇਗਾ, ਅਤੇ ਸ਼ਨੀਵਾਰ ਨੂੰ ਸਤਿਸੰਗ ਸਵੇਰੇ 10:00 ਵਜੇ ਸ਼ੁਰੂ ਹੋਵੇਗਾ।

**ਪਹੁੰਚਣ ਦਾ ਸਮਾਂ:** ਕਿਰਪਾ ਕਰਕੇ ਸਾਈਟ ਤੇ ਸਵੇਰੇ 6:30 ਵਜੇ ਤੋਂ ਪਹਿਲਾਂ ਨਾਂ ਪਹੁੰਚਣਾ ਜੀ। ਜਲਦੀ ਪਹੁੰਚਣ ਨਾਲ ਸੁਰੱਖਿਆ ਅਤੇ ਟ੍ਰੈਫਿਕ ਲਈ ਖ਼ਤਰੇ ਵਾਲੀ ਸਥਿਤੀ ਪੈਦਾ ਹੋ ਸਕਦੀ ਹੈ। ਗੇਟ ਖੁੱਲਣ ਤਕ ਸੰਗਤ ਦੀ ਸਹੂਲੀਅਤ ਲਈ ਕੋਈ ਵੀ ਸੁਵਿਧਾ ਉਪਲੱਬਧ ਨਹੀਂ ਹੋਵੇਗੀ। ਕਿਰਪਾ ਕਰਕੇ ਸੇਵਾਦਾਰਾਂ ਨੂੰ ਸਾਈਟ ਤੇ ਪਹੁੰਚਣ ਤੇ ਸਾਈਟ ਨੂੰ ਤਿਆਰ ਕਰਨ ਲਈ ਉਚਿਤ ਵਕਤ ਅਤੇ ਸਹਿਯੋਗ ਦਿਓ ਜੀ। ਕਿਰਪਾ ਕਰਕੇ ਸਥਾਨਕ ਪੁਲੀਸ ਦੇ ਦਿੱਤੇ ਗਏ ਨਿਰਦੇਸ਼ਾਂ ਦੀ ਆਦਰਪੂਰਵਕ ਪਾਲਣਾ ਕਰਨਾ ਜੀ। **6:30 ਦੇ ਦਿੱਤੇ ਵਕਤ ਤੋਂ ਪਹਿਲਾਂ ਕਿਸੇ ਨੂੰ ਵੀ ਸਤਿਸੰਗ ਹਾਲ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਮੇਂ ਤੇ ਪਹੁੰਚਣ ਵਾਲਿਆਂ ਨਾਲ ਨਿਰਪੱਖ ਰਹਿਣ ਲਈ, ਹਾਲ ਦੇ ਅੰਦਰ ਜਾਣ ਲਈ ਬੇਤਰਤੀਬ ਤਰੀਕੇ ਨਾਲ ਲਾਈਨ ਚੁਣੀ ਜਾਵੇਗੀ।**

**ਬੈਠਣ ਦਾ ਇੰਤਜ਼ਾਮ:** ਸੰਗਤ ਨੂੰ ਸਤਿਸੰਗ ਸ਼ੁਰੂ ਹੋਣ ਤੋਂ 45 ਮਿੰਟ ਪਹਿਲਾਂ ਆਪਣੀਆਂ ਸੀਟਾਂ ਤੇ ਬੈਠ ਜਾਣਾ ਚਾਹੀਦਾ ਹੈ। ਜੋ ਸੰਗਤ ਇਕੱਠੇ ਬੈਠਣਾ ਚਾਹੁੰਦੀ ਹੈ, ਉਹਨਾਂ ਨੂੰ ਇਕੱਠੇ ਹੀ ਪਹੁੰਚਣਾ ਚਾਹੀਦਾ ਹੈ। ਦੂਸਰਿਆਂ ਲਈ ਸੀਟਾਂ ਰੋਕ ਕੇ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਭ ਦੀ ਸੁਰੱਖਿਆ ਅਤੇ ਸੁਵਿਧਾ ਲਈ, ਕਿਰਪਾ ਕਰਕੇ ਸੇਵਾਦਾਰਾਂ ਨੂੰ ਸਹਿਯੋਗ ਦਿਓ ਜੀ।

**ਸਤਿਸੰਗ ਦਾ ਨਾਲ-ਨਾਲ ਭਾਸ਼ਾ ਅਨੁਵਾਦ:** ਸਤਿਸੰਗ ਦਾ ਪੰਜਾਬੀ/ਹਿੰਦੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਸਪੈਨਿਸ਼ ਵਿਚ ਨਾਲ-ਨਾਲ ਅਨੁਵਾਦ ਹੋਵੇਗਾ। ਇਸ ਸੁਵਿਧਾ ਲਈ ਹਾਲ ਵਿਚ ਇੱਕ ਹੈੱਡਫੋਨ ਵਾਲੀ ਜਗ੍ਹਾ ਦਾ ਇੰਤਜ਼ਾਮ ਕੀਤਾ ਗਿਆ ਹੈ। ਕਿਰਪਾ ਧਿਆਨ ਦਿਓ ਕਿ ਉਥੇ ਬੈਠਣ ਦੀ ਜਗ੍ਹਾ ਸੀਮਿਤ ਹੈ। ਇਸ ਲਈ ਜੋ ਪਹਿਲਾਂ ਆਉਣਗੇ, ਉਹਨਾਂ ਨੂੰ ਉਥੇ ਬੈਠਣ ਦਾ ਮੌਕਾ ਵੀ ਪਹਿਲਾਂ ਮਿਲੇਗਾ।

**ਸਵਾਲ ਅਤੇ ਜਵਾਬ:** ਜੋ ਸਤਿਗੁਰੂ ਨੂੰ ਸਵਾਲ ਪੁੱਛਣਾ ਚਾਹੁੰਦੇ ਹਨ, ਉਹਨਾਂ ਦਾ ਚੁਣਾਓ ਰੋਜ਼ ਸਤਿਸੰਗ ਤੋਂ ਪਹਿਲਾਂ ਇੱਕ ਪਰਚੀ ਦੇ ਜ਼ਰੀਏ ਕੀਤਾ ਜਾਵੇਗਾ। ਇਹ ਚੁਣਾਓ ਏਰੀਆ ਰੋਜ਼ ਸਵੇਰੇ 6:30 ਵਜੇ ਖੁਲ੍ਹੇਗਾ ਅਤੇ 8:00 ਵਜੇ ਬੰਦ ਹੋ ਜਾਵੇਗਾ, ਜਿਸ ਤੋਂ ਬਾਅਦ ਚੁਣਾਓ ਕੀਤਾ ਜਾਵੇਗਾ। ਜੇ ਤੁਸੀਂ ਸਵਾਲ ਪੁੱਛਣਾ ਚਾਹੁੰਦੇ ਹੋਂ ਤਾਂ ਤੁਸੀਂ ਪਹਿਲਾਂ ਸਤਿਸੰਗ ਹਾਲ ਵਿਚ ਆਪਣੀ ਸੀਟ ਰੱਖ ਕੇ, ਸਤਿਸੰਗ ਹਾਲ ਦੇ ਪਿੱਛੇ ਸਵਾਲ-ਜਵਾਬ ਚੁਣਾਓ ਏਰੀਆ ਤੇ ਆ ਜਾਓ। ਅਗਰ ਤੁਸੀਂ ਚੁਣੇ ਨਹੀਂ ਗਏ ਤਾਂ ਤੁਸੀਂ ਆਪਣੀ ਸੀਟ ਤੇ ਵਾਪਸ ਚਲੇ ਜਾਣਾ ਜੀ। ਚੁਣੇ ਜਾਣ ਦੀ ਪ੍ਰਕਿਰਿਆ ਤੋਂ ਬਾਅਦ ਕਿਸੇ ਨੂੰ ਵੀ ਸਵਾਲ-ਜਵਾਬ ਦੀ ਲਾਈਨ ਵਿਚ ਲੱਗਣ ਦੀ ਇਜਾਜ਼ਤ ਨਹੀਂ ਹੈ।

**ਸਵਾਲ-ਜਵਾਬ ਲਈ ਹਦਾਇਤਾਂ:**
ਡੇਰੇ ਵਲੋਂ ਨਿਵੇਦਨ ਹੈ ਕਿ ਸਵਾਲਾਂ ਦੇ ਸੰਬੰਧਿਤ ਹੇਠਲੀ ਜਾਣਕਾਰੀ ਦਿੱਤੀ ਜਾਵੇ:

1. ਸਵਾਲ ਪੁੱਛਣ ਵਾਲਿਆਂ ਦੀ ਉਮਰ 18 ਸਾਲ ਜਾਂ 18 ਤੋਂ ਵੱਧ ਹੋਣੀ ਚਾਹੀਦੀ ਹੈ।
2. ਸਵਾਲ ਛੋਟੇ ਅਤੇ ਸਪਸ਼ਟ ਹੋਣੇ ਚਾਹੀਦੇ ਹਨ।
3. ਸਿਰਫ ਇੱਕ ਸਵਾਲ ਪੁੱਛਣਾ ਚਾਹੀਦਾ ਹੈ।
4. ਸਵਾਲ ਰੂਹਾਨੀਅਤ ਬਾਰੇ ਹੋਣੇ ਚਾਹੀਦੇ ਹਨ, ਨਾ ਕਿ ਨਿਜੀ, ਆਰਥਿਕ, ਸਿਹਤ, ਪਰਿਵਾਰਿਕ ਜਾਂ ਰਾਜਨੀਤਿਕ ਸਮੱਸਿਆਵਾਂ ਬਾਰੇ।
5. ਦੂਸਰਿਆਂ ਵੱਲੋਂ ਸਵਾਲ ਨਹੀਂ ਪੁੱਛਣੇ ਚਾਹੀਦੇ।
6. ਲੰਬੇ ਨੋਟ, ਕਵਿਤਾਵਾਂ ਤੇ ਚਿੱਠੀਆਂ ਨਹੀਂ ਪੜ੍ਹਨੀਆਂ ਚਾਹੀਦੀਆਂ।
7. ਜਦੋਂ ਸਤਿਗੁਰੂ ਤੁਹਾਡੇ ਸਵਾਲ ਦਾ ਜਵਾਬ ਦੇ ਰਹੇ ਹੋਣ ਤਾਂ ਉਹਨਾਂ ਨੂੰ ਵਿੱਚ ਨਹੀਂ ਟੋਕਣਾ ਜੀ। ਤੁਸੀਂ ਕੁਝ ਬੋਲਣ ਤੋਂ ਪਹਿਲਾਂ, ਉਹਨਾਂ ਨੂੰ ਆਪਣੀ ਗੱਲ ਖਤਮ ਕਰਨ ਦੇਣਾ।

**ਸੰਗਤ ਲਈ ਬੇਨਤੀਆਂ:**

1. **ਸਤਿਸੰਗ ਪ੍ਰੋਗਰਾਮ ਦੌਂਰਾਨ ਕਿਸੇ ਵੇਲੇ ਵੀ ਤਾੜੀ ਨਾ ਵਜਾਓ ਜੀ।**
2. **ਕਿਰਪਾ ਕਰ ਕੇ ਸਵਾਲ ਪੁੱਛਣ ਵਾਲਿਆਂ ਦੀ ਗੋਪਨੀਯਤਾ ਦਾ ਆਦਰ ਕਰਦੇ ਹੋਏ, ਸਵਾਲ ਪੁੱਛਣ ਵਾਲਿਆਂ ਨੂੰ ਮੁੜ ਕੇ ਨਾ ਦੇਖੋ ਜੀ।**

**ਇਹਨਾਂ ਚੀਜ਼ਾਂ ਨੂੰ ਲੈਕੇ ਆਉਣ ਦੀ ਮਨਾਹੀ ਹੈ:** ਮੋਬਾਈਲ ਫੋਨ, ਪੇਜਰ, ਕੈਮਰਾ, ਦੂਰਬੀਨ, ਲੇਜ਼ਰ ਪੋਇੰਟਰ, ਆਡੀਓ ਪਲੇਅਰ, ਘੜੀਆਂ ਅਤੇ ਹੋਰ ਯੰਤਰ ਜਿਹਨਾਂ ਨਾਲ ਆਡੀਓ/ਵੀਡੀਓ ਰਿਕਾਰਡ ਜਾਂ ਭੇਜੀਆਂ ਜਾ ਸਕਦੀਆਂ ਹਨ ਜਾਂ ਇਲੈਕਟ੍ਰਾਨਿਕ ਗੇਮਜ਼ ਜਾਂ ਹੋਰ ਕੋਈ ਵੀ ਇਲੈਕਟ੍ਰਾਨਿਕ ਵਸਤੂ ਅਤੇ ਹਥਿਆਰਾਂ ਨੂੰ ਸਤਿਸੰਗ ਹਾਲ, ਫੈਮਿਲੀ ਏਰੀਆ ਅਤੇ ਆਲੇ-ਦੁਆਲੇ ਦੇ ਏਰੀਆ ਵਿੱਚ ਲੈਕੇ ਜਾਣ ਦੀ **ਮਨਾਹੀ** ਹੈ। ਇਹੋ ਜਿਹੀ ਕੋਈ ਵੀ ਵਸਤੂ ਨੂੰ ਆਪਣੀ ਰਿਹਾਇਸ਼ ਵਾਲੀ ਜਗ੍ਹਾ, ਜਾਂ ਆਪਣੀ ਗੱਡੀ ਵਿੱਚ ਛੱਡ ਕੇ ਆਓ ਜਾਂ ਸੇਵਾਦਾਰਾਂ ਕੋਲ ਜਮਾ ਕਰਵਾਓ ਜੀ।

**ਤਸਵੀਰ ਲੈਣਾ ਅਤੇ ਆਡੀਓ/ਵੀਡੀਓ ਰਿਕਾਰਡਿੰਗ:** ਮੋਬਾਈਲ ਫੋਨ ਜਾਂ ਕਿਸੀ ਹੋਰ ਇਲੈਕਟ੍ਰਾਨਿਕ ਯੰਤਰ ਦੇ ਜ਼ਰੀਏ ਤਸਵੀਰ ਲੈਣ ਦੀ ਜਾਂ ਆਡੀਓ/ਵੀਡੀਓ ਰਿਕਾਰਡਿੰਗ ਕਰਨ ਦੀ ਮਨਾਹੀ ਹੈ।

**ਵੱਡੇ ਬੈਗ ਜਾਂ ਪਰਸ** (ਲਗਭਗ 6"x9" ਤੋਂ ਵੱਡੇ) ਖਾਣ-ਪੀਣ ਦੀਆਂ ਚੀਜ਼ਾਂ (ਪਾਣੀ ਨੂੰ ਛੱਡ ਕੇ) ਨੂੰ ਸਤਿਸੰਗ ਹਾਲ ਵਿੱਚ ਲੈਕੇ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਗੱਲ ਦਾ ਖਿਆਲ ਰੱਖਣਾ ਕਿ ਹਾਲ ਜਾਂ ਫੈਮਿਲੀ ਏਰੀਆ ਦੇ ਅੰਦਰ ਜਾਣ ਤੋਂ ਪਹਿਲਾਂ ਹਰ ਬੈਗ ਦੀ ਜਾਂਚ ਕੀਤੀ ਜਾ ਸਕਦੀ ਹੈ। ਗੱਦੀਆਂ ਲੈ ਕੇ ਆਉਣ ਦੀ ਇਜਾਜ਼ਤ ਹੈ ਪਰ ਮੈਟਲ ਫਰੇਮ ਵਾਲੀ ਕੁਰਸੀ ਦੀ ਇਜਾਜ਼ਤ ਨਹੀਂ ਹੈ।

**ਇਲੈਕਟ੍ਰਾਨਿਕ ਸਕਰੀਨਿੰਗ**: ਸਤਿਸੰਗ ਪ੍ਰੋਗਰਾਮ ਤੇ ਆਉਣ ਵਾਲੀ ਸਾਰੀ ਸੰਗਤ ਦੀ ਇਲੈਕਟ੍ਰਾਨਿਕ ਸਕਰੀਨਿੰਗ ਕੀਤੀ ਜਾਵੇਗੀ। ਸਾਰੇ ਬੈਗ ਅਤੇ ਪਰਸਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਅੰਦਰ ਆਉਣ ਦੇ ਕਿਸੇ ਵੀ ਪੁਆਇੰਟ ਤੇ ਤੁਹਾਨੂੰ ਆਪਣੀ ਜੇਬ ਵਿਚੋਂ ਸਾਰੀਆਂ ਮੈਟਲ ਦੀਆਂ ਚੀਜ਼ਾਂ ਨੂੰ ਕੱਢ ਕੇ ਇਕ ਸਾਫ ਪਾਰਦਰਸ਼ੀ ਬੈਗ ਵਿਚ ਪਾਉਣ ਲਈ ਕਿਹਾ ਜਾਵੇਗਾ। ਇਹ ਪਲਾਸਟਿਕ ਬੈਗ ਤੁਹਾਨੂੰ ਦਿੱਤਾ ਜਾਵੇਗਾ। ਇਸ ਕੰਮ ਵਿੱਚ ਜ਼ਿਆਦਾ ਸਮਾਂ ਨਾ ਲੱਗੇ, ਇਸ ਲਈ ਅਸੀਂ ਨਿਵੇਦਨ ਕਰਦੇ ਹਾਂ ਕਿ ਇਸ ਤਰਾਂ ਦੇ ਕੱਪੜੇ ਨਾ ਪਾਉਣਾ ਜਿਹਨਾਂ ਵਿਚ ਬੇਲੋੜੇ ਮੈਟਲ ਸਟ੍ਰੈਪ, ਵੱਡੇ ਬੈਲਟ ਬੱਕਲ ਵਗੈਰਾ ਹੋਣ। ਕਿਰਪਾ ਕਰਕੇ ਆਪਣੇ ਸੈੱਲ ਫੋਨ ਅਤੇ ਹੋਰ ਇਲੈਕਟ੍ਰਾਨਿਕ ਯੰਤਰਾਂ ਨੂੰ ਗੱਡੀ ਵਿੱਚ ਹੀ ਛੱਡ ਆਉਣਾ ਜੀ ਜਾਂ ਸਕਰੀਨਿੰਗ ਦੇ ਕੋਲ ਕੋਲੈਕਸ਼ਨ ਪੁਆਇੰਟ ਤੇ ਜਮਾ ਕਰਵਾ ਦੇਣਾ। ਜੇ ਤੁਹਾਡੇ ਕੋਲ ਕੋਈ ਵੀ ਇਹੋ ਜਿਹੀ ਚੀਜ਼ ਹੋਵੇਗੀ, ਜਿਸ ਨੂੰ ਅੰਦਰ ਲੈਕੇ ਜਾਣਾ ਮਨਾ ਹੋਵੇ ਤਾਂ ਤੁਹਾਨੂੰ ਆਪਣੀ ਗੱਡੀ ਕੋਲ ਵਾਪਸ ਆਉਣਾ ਪਵੇਗਾ ਜਾਂ ਫਿਰ ਕੋਲੈਕਸ਼ਨ ਪੁਆਇੰਟ ਤੇ ਜਮਾਂ ਕਰਾ ਕੇ ਸਕਰੀਨਿੰਗ ਤੇ ਵਾਪਸ ਆਉਣਾ ਪਵੇਗਾ।

**ਨੋਟਸ ਲੈਣਾ:** ਸਤਿਗੁਰੂ ਚਾਹੁੰਦੇ ਹਨ ਕਿ ਅਸੀਂ ਉਹਨਾਂ ਦੀ ਮੌਜੂਦਗੀ ਦਾ ਪੂਰਾ-ਪੂਰਾ ਫਾਇਦਾ ਉਠਾਈਏ ਅਤੇ ਆਪਣਾ ਸਮਾਂ ਅਤੇ ਧਿਆਨ ਨੋਟਸ ਲਿਖਣ ਵਿੱਚ ਨਾ ਲਾਈਏ। ਇਸ ਲਈ ਕਿਰਪਾ ਕਰਕੇ ਸਤਿਸੰਗ ਵਿਚ ਜਾਂ ਸਵਾਲ-ਜਵਾਬ ਦੇ ਦੌਰਾਨ ਨੋਟਸ ਨਾ ਲਿਖੋ। ਨੋਟਸ ਲਿਖ ਕੇ ਉਹਨਾਂ ਨੂੰ ਇੰਟਰਨੇਟ ਜਾਂ ਕਿਸੇ ਹੋਰ ਤਰੀਕੇ ਨਾਲ ਦੂਜਿਆਂ ਨੂੰ ਭੇਜਣ ਦੀ ਸਖ਼ਤ ਮਨਾਹੀ ਹੈ।

**ਪਾਰਕਿੰਗ ਅਤੇ ਬਾਹਰ ਨਿਕਲਣਾ**: ਗੋਸ਼ਨ ਸੈਂਟਰ ਵਿਖੇ ਪਾਰਕਿੰਗ ਬਹੁਤ ਸੀਮਿਤ ਹੈ। ਇਸ ਕਰ ਕੇ ਜ਼ਿਆਦਾ ਲੋਕਾਂ ਨੂੰ ਲੈਕੇ ਆਉਣ ਵਾਲੀਆਂ ਗੱਡੀਆਂ (HOV), ਖਾਸ ਜ਼ਰੂਰਤਾਂ ਵਾਲੇ ਲੋਕ (ਸਪੈਸ਼ਲ ਨੀਡਜ਼)/ ਚੱਲਣ-ਫਿਰਣ ਤੋਂ ਅਸਮਰਥ, ਫੈਮਿਲੀ ਏਰੀਆ ਦੀਆਂ ਸਟ੍ਰੋਲਰ ਵਾਲੀਆਂ ਗੱਡੀਆਂ ਨੂੰ ਪਹਿਲ ਦਿੱਤੀ ਜਾਵੇਗੀ। ਬਾਕੀ ਗੱਡੀਆਂ ਨੂੰ ਰਿਮੋਟ ਪਾਰਕਿੰਗ ਵੱਲ ਭੇਜਿਆ ਜਾਵੇਗਾ। ਇਸ ਪ੍ਰੋਗਰਾਮ ਲਈ ਤੁਹਾਨੂੰ ਪਾਰਕਿੰਗ ਪਾਸ ਲੈਣਾ ਜ਼ਰੂਰੀ ਹੈ।

ਸੰਗਤ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਕਾਰਪੂਲ (carpool) ਕਰੋ ਜਾਂ ਚਾਰਟਰ ਅਤੇ ਸ਼ਟਲ ਬੱਸਾਂ ਦਾ ਪ੍ਰਯੋਗ ਕਰੋ। ਬੱਸ ਤੇ ਆਉਣ ਵਾਲੀ ਸੰਗਤ ਨੂੰ ਸਤਿਸੰਗ ਹਾਲ ਦੀ ਐਂਟਰੈਂਸ ਦੇ ਨੇੜੇ ਛੱਡਿਆ ਜਾਵੇਗਾ ਅਤੇ ਵਾਪਿਸ ਉਥੋਂ ਹੀ ਫੇਰ ਚੱਕ ਲਿਆ ਜਾਵੇਗਾ।

**ਬਾਹਰ ਨਿਕਲਣਾ** : ਕਿਉਂਕਿ ਕਾਰਾਂ ਨੂੰ ਪ੍ਰਾਪਰਟੀ ਤੋਂ ਬਾਹਰ ਨਿਕਲਣ ਲਈ ਬਹੁਤ ਸਮਾਂ ਲੱਗ ਸਕਦਾ ਹੈ, ਇਸ ਕਰਕੇ ਸਬਰ ਨਾਲ ਪ੍ਰਾਪਰਟੀ ਤੇ ਇੰਤਜ਼ਾਰ ਕਰਨ ਲਈ ਤਿਆਰ ਰਹਿਣਾ। ਬਾਹਰ ਨਿਕਲਣ ਦੇ ਨਿਰਦੇਸ਼ ਲਈ ਕਿਰਪਾ ਕਰਕੇ **Travel and Transportation** ਪੇਜ ਵੇਖੋ ਜੀ।

ਪਾਰਕਿੰਗ ਬਾਰੇ ਵਧੇਰੀ ਜਾਣਕਾਰੀ ਜਿੱਦਾਂ ਹੀ ਉਪਲਬਦ ਹੋਵੇਗੀ **Parking** ਪੇਜ ਤੇ ਪਾ ਦਿੱਤੀ ਜਾਵੇਗੀ।

**ਟਰਾਂਸਪੋਰਟੇਸ਼ਨ**: ਲੰਬੇ ਸਫਰ ਲਈ ਚਾਰਟਰ ਬੱਸਾਂ ਅਤੇ ਹੋਟਲ ਤੋਂ ਸ਼ਟਲ ਬੱਸਾਂ ਦਾ ਇੰਤਜ਼ਾਮ ਹੋ ਸਕਦਾ ਹੈ। ਵਧੇਰੀ ਜਾਣਕਾਰੀ ਲਈ Hotel Shuttles ਅਤੇ Charter Bus ਦਾ ਪੇਜ ਦੇਖੋ।

**ਸਤਿਸੰਗ ਤੇ ਬੱਚਿਆਂ ਨਾਲ ਆਉਣਾ:** 10 ਅਤੇ 10 ਤੋਂ ਵੱਡੀ ਉਮਰ ਦੇ ਬੱਚਿਆਂ ਨੂੰ ਸਤਿਸੰਗ ਵਿਚ ਆਉਣ ਦੀ ਇਜਾਜ਼ਤ ਹੈ। 10 ਸਾਲ ਤੋਂ ਘੱਟ ਦੇ ਬੱਚਿਆਂ ਨੂੰ ਆਪਣੇ ਮਾਂ-ਬਾਪ ਜਾਂ ਗਾਰਡੀਅਨ ਨਾਲ ਫੈਮਿਲੀ ਏਰੀਆ ਵਿੱਚ ਜਾਣਾ ਪਵੇਗਾ। ਮਾਂ-ਬਾਪ ਜਾਂ ਗਾਰਡੀਅਨ ਸਤਿਸੰਗ ਦੇ ਦੌਰਾਨ ਅਤੇ ਸਾਈਟ ਤੇ ਹਰ ਵੇਲੇ ਆਪਣੇ ਬੱਚਿਆਂ ਲਈ ਜਿੰਮੇਵਾਰ ਹੋਣਗੇ। ਜ਼ਿਆਦਾ ਜਾਣਕਾਰੀ ਦੇ ਲਈ Family Area ਪੇਜ ਦੇਖੋ।

**ਖਾਸ ਜ਼ਰੂਰਤਾਂ ਵਾਲੇ ਲੋਕ (ਸਪੈਸ਼ਲ ਨੀਡਜ਼):** ਖਾਸ ਜ਼ਰੂਰਤਾਂ ਵਾਲੇ ਲੋਕਾਂ ਲਈ ਸਹਾਇਤਾ ਦਾ ਇੰਤਜ਼ਾਮ ਕੀਤਾ ਜਾਵੇਗਾ। ਜਦੋਂ ਤੁਸੀਂ ਸਤਿਸੰਗ ਦੇ ਲਈ ਪਹੁੰਚੋਗੇ ਤਾਂ ਕਿਰਪਾ ਕਰਕੇ ਖਾਸ ਜ਼ਰੂਰਤਾਂ ਦੀ ਪਾਰਕਿੰਗ ਅਤੇ ਡ੍ਰੌਪ ਆਫ਼ (drop off) ਦੇ ਸੰਕੇਤਾਂ ਦੀ ਪਾਲਣਾ ਕਰਨਾ। ਨਿੱਜੀ ਉਪਯੋਗ ਲਈ ਸੈਂਟਰ ਵਲੋਂ ਕੋਈ ਵੀ ਮੈਡੀਕਲ ਉਪਕਰਣ, ਜਿਸ ਤਰ੍ਹਾਂ ਕਿ ਵੀਲ੍ਹਚੇਅਰ ਜਾਂ ਵਾਕਰ ਦਾ ਇੰਤਜ਼ਾਮ ਨਹੀਂ ਹੋਵੇਗਾ। **ਆਪਣੀ ਜ਼ਰੂਰਤ ਦੀਆਂ ਚੀਜ਼ਾਂ ਕਿਰਪਾ ਕਰਕੇ ਆਪਣੇ ਨਾਲ ਲੈ ਕੇ ਆਓ ਜੀ।** ਵਧੇਰੀ ਜਾਣਕਾਰੀ ਲਈ Special Needs ਪੇਜ ਅਤੇ Special Needs ਫਾਰਮ ਦੇਖੋ ਜੀ।

**ਜਿਹਨਾਂ ਲੋਕਾਂ ਨੂੰ ਸੁਨਣ ਵਿਚ ਪਰੇਸ਼ਾਨੀ ਹੈ, ਉਹਨਾਂ ਲਈ ਸਹੂਲਤਾਂ**: ਸਪੈਸ਼ਲ-ਨੀਡਜ਼ ਐਪਲੀਕੇਸ਼ਨ ਫਾਰਮ ਤੇ ਦਰਖ਼ਾਸਤ ਕਰਨ ਦੇ ਜ਼ਰੀਏ, ਅਮਰੀਕਨ ਸੰਕੇਤ ਭਾਸ਼ਾ ਅਤੇ ਕਲੋਸਡ-ਕੈਪਸ਼ਨ ਮਾਨੀਟਰ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ।

**ਭੋਜਨ:** ਸੰਗਤ ਲਈ ਸੈਂਟਰ ਤੇ ਖਾਣੇ ਅਤੇ ਚਾਹ ਦਾ ਕੋਈ ਇੰਤਜ਼ਾਮ ਨਹੀਂ ਹੋਵੇਗਾ। ਟ੍ਰੈਫਿਕ ਕਾਰਨ ਸਾਈਟ ਤੋਂ ਨਿਕਲਣ ਲੱਗੇ ਦੇਰੀ ਵੀ ਹੋ ਸਕਦੀ ਹੈ। ਤੁਸੀਂ ਬੜੀ ਖ਼ੁਸ਼ੀ ਨਾਲ ਆਪਣੇ ਲਈ ਖਾਣ-ਪੀਣ ਦੀਆਂ ਚੀਜ਼ਾਂ ਅਤੇ ਸਨੈਕ ਵਗ਼ੈਰਾ ਲੈਕੇ ਆ ਸਕਦੇ ਹੋਂ ਤੇ ਉਹਨਾਂ ਨੂੰ ਆਪਣੀ ਗੱਡੀ ਵਿੱਚ ਛੱਡ ਦੇਣਾ। ਵਧੇਰੇ ਜਾਣਕਾਰੀ ਲਈ Dining Guide ਵੇਖੋ।

**ਸਥਾਨਿਕ ਲੋਕਾਂ ਨਾਲ ਸੰਬੰਧ**: ਆਉਣ ਵਾਲੇ ਕਈ ਦਹਾਕਿਆ ਲਈ, ਅਸੀ ਸਥਾਨਕ ਲੋਕਾਂ ਦੇ ਗੁਆਂਢੀ ਹੋਵਾਂਗੇ। ਹੋਟਲ, ਰੈਸਟੂਰੈਂਟ ਅਤੇ ਲੋਕਲ ਅਧਿਕਾਰੀਆਂ ਨਾਲ ਸਾਨੂੰ ਚੰਗੇ ਸੰਬੰਧ ਬਣਾਕੇ ਰੱਖਣੇ ਚਾਹੀਦੇ ਹਨ। ਕਿਰਪਾ ਧਿਆਨ ਦਿਓ ਕਿ ਕੁਝ ਸੀਮਿਤ ਹੀ ਰੈਸਟੂਰੈਂਟ ਹਨ ਜਿਹਨਾਂ ਵਿੱਚ ਸ਼ਾਕਾਹਾਰੀ ਭੋਜਨ ਮਿਲਦਾ ਹੈ ਤੇ ਉਥੇ ਭੀੜ ਵੀ ਹੋ ਸਕਦੀ ਹੈ। ਇਸ ਲਈ ਆਸ ਪਾਸ ਦੀ ਖਾਣ-ਪੀਣ ਦੀਆ ਜਗਾਵਾਂ ਲੱਭਣ ਲਈ **Dining Guide** ਵੇਖ ਲੈਣਾ। ਕਿਰਪਾ ਕਰਕੇ ਰੈਸਟੂਰੈਂਟ ਅਤੇ ਵੇਟਰ ਸਟਾਫ ਨਾਲ ਪੂਰਾ ਧੀਰਜ ਨਾਲ ਸਹਿਯੋਗ ਦੇਣਾ ਅਤੇ ਹੋ ਸਕੇ ਤਾਂ ਟਿੱਪ ਦੇਣਾ ਯਾਦ ਰੱਖਣਾ।

**ਪਹਿਰਾਵਾ, ਇਤਰ,** ਖ਼ੁਸ਼ਬੋ, ਤੰਬਾਕੂਨਸ਼ੀ **ਤੇ ਪਾਲਤੂ ਜਾਨਵਰ:** ਪਾਰਕਿੰਗ ਏਰੀਆ ਤੋਂ ਸਤਿਸੰਗ ਹਾਲ ਤਕ ਲੰਬੇ ਫਾਸਲੇ ਕਾਰਨ ਚੱਲਣ-ਫਿਰਣ ਲਈ ਆਰਾਮਦਾਇਕ ਜੁੱਤੇ ਪਾਉਣ ਦੀ ਹਿਦਾਇਤ ਦਿੱਤੀ ਜਾਂਦੀ ਹੈ। ਸਤਿਸੰਗ ਹਾਲ ਖੁੱਲੀ ਹਵਾ ਵਿਚ ਹੈ ਅਤੇ AC ਨਹੀਂ ਹੈ, ਉਸ ਹਿਸਾਬ ਨਾਲ ਕੱਪੜੇ ਪਾਉਣਾ ਜੀ। ਕੁਝ ਲੋਕਾਂ ਨੂੰ ਅਲਰਜੀ, ਦਮਾ ਆਦਿ ਦੀ ਸਮੱਸਿਆ ਹੋ ਸਕਦੀ ਹੈ, ਇਸ ਲਈ ਇਤਰ ਵਗੈਰਾ ਲਗਾਉਣ ਤੋਂ ਪ੍ਰਹੇਜ ਕਰੋ ਜੀ। ਸਤਿਸੰਗ ਦੀ ਪ੍ਰਾਪਰਟੀ ਤੇ ਸਿਗਰਟ ਪੀਣ ਦੀ ਤੇ ਪਾਲਤੂ ਜਾਨਵਰ ਲੈ ਕੇ ਆਉਣ ਦੀ ਮਨਾਹੀ ਹੈ। ਸਿਰਫ਼ ਸਰਟੀਫਾਈਡ ਸਰਵਿਸ ਜਾਨਵਰ ਪ੍ਰਾਪਰਟੀ ਤੇ ਲੈਕੇ ਆਉਣ ਦੀ ਇਜਾਜ਼ਤ ਹੈ।